**ਐਸ.ਡੀ.ਆਈ.ਸਕੀਮ ਅਧੀਨ ਦਾਖਲਾ ਨੋਟਿਸ**
**ਡਾਇਰੈਕਟੋਰੇਟ ਆਫ ਤਕਨੀਕੀ ਸਿਖਿਆ ਅਤੇਉਦਯੋਗਿਕ ਸਿਖਲਾਈ ਵਿਭਾਗ,ਪੰਜਾਬ,**
**ਪਲਾਟ ਨੰ: -1 ਸੈਕਟਰ 36-ਏ ਚੰਡੀਗੜ੍ਹ**

Website: www.dtepunjab.gov.in ; E-mail: ditpbsdi@yahoo.in ; Phone: 0172-5022366, 5022383

ਭਾਰਤ ਸਰਕਾਰ ਵਲੋ ਬੇਰੋਜਗਾਰ ਨੋਜਵਾਨਾ,ਸਕੂਲ ਡਰਾਪ ਆਊਟ ਅਤੇ ਨਾਨ ਫਾਰਮਲ ਸੈਕਟਰ ਵਿੱਚ ਕੰਮ ਕਰਦੇ ਵਰਕਰਾਂ ਨੂੰ ਚੰਗੀ ਨੌਕਰੀ/ਸਵੈ ਰੋਜਗਾਰ ਲਈ ਕਾਬਲ ਬਣਾਉਣ ਹਿਤ ਸਬੰਧਤ ਕਿਤਿਆ ਵਿੱਚ ਮੁਹਾਰਤ ਹਾਸਲ ਕਰਨ ਲਈ ਸਕਿਲ ਡਿਵੈਪਲਮੈਂਟ ਕਰਨ ਦੇ ਮੰਤਵ ਨਾਲ ਐਸ.ਡੀ.ਆਈ ਸਕੀਮ ਚਲਾਈ ਗਈ ਹੈ।ਇਸ ਸਕੀਮ ਅਧੀਨ ਪੰਜਾਬ ਰਾਜ ਵਿੱਚ 103 ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾਵਾਂ ਅਤੇ 61 ਪ੍ਰਾਈਵੇਟ ਉਦਯੋਗਿਕ ਸਿਖਲਾਈ ਕੇਦਰਾਂ /ਅਦਾਰਿਆਂ ਨੂੰ ਬਤੌਰ ਵੀ.ਟੀ.ਪੀ ਰਜਿਸਟਰ ਕੀਤਾ ਗਿਆ ਹੈ।ਸਾਰੀਆ ਉਦਯੋਗਿਕ ਸਿਖਲਾਈ ਸੰਸਥਾਵਾ ਅਤੇ ਹੇਠ ਲਿਖੇ ਆਈ.ਟੀ.ਸੀ./ਪ੍ਰਾਈਵੇਟ ਅਦਾਰਿਆ ਵਿੱਚ ਇਸ ਸਕੀਮ ਅਧੀਨ ਸਾਲ 2010 ਦੇ ਪਹਿਲੇ ਪੜਾਅ ਵਿੱਚ ਵੱਖ ਵੱਖ ਸਾਰਟ ਟਰਮ ਕੋਰਸ ਸੁਰੂ ਕੀਤੇ ਜਾ ਰਹੇ ਹਨ, ਜਿਸ ਦਾ ਦਾਖਲਾ ਇਹਨਾਂ ਦੇ ਸਾਹਮਣੇ ਦਰਸਾਈਆ ਗਈਆਂ ਸਰਕਾਰੀ ਨੋਡਲ ਉਦਯੋਗਿਕ ਸਿਖਲਾਈ ਸੰਸਥਾਵਾਂ ਵਿਚ ਹੇਠ ਦਿਤੀਆਂ ਮਿਤੀਆਂ ਅਨੁਸਾਰ ਕੀਤਾ ਜਾਵੇਗਾ:

| **ਦਾਖਲੇ ਲਈ ਨੋਡਲ ਸੰਸਥਾ ਦਾ ਨਾਮ** | **ਵੀ.ਟੀ.ਪੀ. ਦਾ ਨਾਮ** |
|---|---|
| ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾ, ਪਟਿਆਲਾ | ਸ ਨੈਸ਼ਨਲ ਸਮਾਲ ਇੰਡਸਟਰੀਜ਼ ਕਾਰਪੋਰੇਸ਼ਨ ਰਾਜਪੁਰਾ, ਪੰਜਾਬ ਆਰਟ ਅਤੇ ਕਰਾਫਟ ਮੈਡੀਕਲ ਟ੍ਰੇਨਿੰਗ ਸੰਸਥਾ ਰਾਜਪੁਰਾ, ਗੁਰੂ ਤੇਗ ਬਹਾਦਰ ਆਈ.ਟੀ.ਸੀ. ਸਮਾਣਾ,ਪਟਿਆਲਾ ਇੰਸਟੀਚਿਊਟ ਆਫ ਆਰਟ ਅਤੇ ਕਰਾਫਟ ਪਟਿਆਲਾ,ਮਾਲਵਾ ਆਈ.ਟੀ.ਸੀ. ਪਟਿਆਲਾ, ਸ਼ਿਵਾਲਿਕ ਇੰਡਸਟਰੀਅਲ ਟ੍ਰੇਨਿੰਗ ਸੈਂਟਰ ਪਟਿਆਲਾ, ਸਕਾਲਰ ਫੀਲਡ ਪਬਲਿਕ ਸਕੂਲ ਪਿੰਡ ਮਾਜਰਾ ਅਕਾਲੀਆਂ, ਸਰਹਿੰਦ ਰੋਡ ਪਟਿਆਲਾ। |
| ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾ, ਬਠਿੰਡਾ | ਬਠਿੰਡਾ ਇੰਸਟੀਚਿਊਟ ਆਫ ਮੈਨੇਜਮੈਂਟ ਅਤੇ ਟੈਕਨੌਲਜੀ ਬਠਿੰਡਾ,ਹਰੀ ਮੈਮੋਰੀਅਲ ਆਦਰਸ਼ ਆਈ.ਟੀ.ਸੀ.ਪਿੰਡ ਤੇ ਡਾਕਖਾਨਾ ਸੇਖੂਪੁਰਾ ਜਿਲ੍ਹਾਂ ਬਠਿੰਡਾ,ਬਾਬਾ ਫਰੀਦ ਆਈ. ਟੀ. ਸੀ. ਕੋਟ ਸ਼ਮੀਰ,ਜਿਲ੍ਹਾਂ ਬਠਿੰਡਾ,ਮਾਡਰਨ ਆਈ.ਟੀ.ਆਈ.ਮਾਨਸਾ ਰੋਡ, ਬਠਿੰਡਾ। |
| ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾ, ਗੁਰਦਾਸਪੁਰ | ਯੂਨੀਵਰਸਲ ਟੈਕਨੀਕਲ ਅਤੇ ਵੋਕੇਸ਼ਨਲ ਸੈਂਟਰ ਲਹਿਲ ਗੁਰਦਾਸਪੁਰ,ਸ਼੍ਰੀ ਸਾਂਈ ਕਾਲਜ ਆਫ ਇੰਜਨੀਰਿੰਗ ਐਡ ਟੈਕਨਲੋਜੀ ਵੀ.ਪੀ.ਓ ਬਧਾਣੀ,ਤਹਿ:ਪਠਾਨਕੋਟ। ਬੀ.ਵੀ.ਐਨ. ਹਾਈ ਸਕੂਲ ਸਰਨਾ ਸ਼ਟੈਸ਼ਨ ਤਹਿ. ਪਠਾਨਕੋਟ । |
| ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾ, ਫਿਰੋਜਪੁਰ | ਲਾਲਾ ਫਤਿਹ ਚੰਦ ਬ੍ਰਿਜ ਲਾਲ ਐਜੂਕੇਸ਼ਨਲ ਅਤੇ ਆਈ.ਟੀ.ਸੀ. ਫਿਰੋਜ਼ਪੁਰ ਸਿਟੀ,ਬਾਬਾ ਫਰੀਦ ਆਈ.ਟੀ.ਸੀ. ਗੁਰੂ ਹਰ ਸਹਾਇ ਜ਼ਿਲ੍ਹਾ ਫਿਰੋਜ਼ਪੁਰ,ਸ਼ਹੀਦ ਭਗਤ ਸਿੰਘ ਕਾਲਜ ਆਫ ਇੰਜੀਨੀਅਰਿੰਗ ਅਤੇ ਟੈਕਨਾਲੌਜੀ ਫਿਰੋਜ਼ਪੁਰ,ਸਤਲੁਜ਼ ਇੰਸਟੀਚਿਊਟ ਆਫ ਵੋਕੇਸ਼ਨਲ ਐਜੂਕੇਸ਼ਨ, ਪਿੰਡ ਸੰਧੇ ਹਾਸ਼ਮ ਜੀਰਾ ਰੋਡ ਫਿਰੋਜਪੁਰ, ਨਿਊ ਜਨਰੈਸ਼ਨ ਆਈਟੀਸੀ ਔਪ: ਬੀਡੀਉ ਆਫਿਸ ਮਾਲਵਾਲ ਰੋਡ ਫਿਰੋਜਪੁਰ। |
| ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾ, ਬੁਢਲਾਡਾ | ਬਰੀਲੀਐਟ ਆਈ.ਟੀ.ਸੀ. ਨੇੜੇ ਕੈਂਚੀਆਂ ਠੂਠੀਆਂ ਵਾਲੀ ਮਾਨਸਾ,ਇੰਜੀਨੀਅਰਸ ਇੰਡਸਟਰੀਅਲ ਟ੍ਰੇਨਿੰਗ ਸੈਂਟਰ, ਮਾਨਸਾ। |
| ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾ, ਲੁਧਿਆਣਾ | ਸੈਂਟਰਲ ਟੂਲ ਰੂਮ ਲੁਧਿਆਣਾ,ਆਰ ਅਤੇ ਡੀ ਸੈਂਟਰ ਫਾਰ ਬਾਈਸਾਇਕਲ ਅਤੇ ਸਿਊਇੰਗ ਮਸ਼ੀਨ ਲੁਧਿਆਣਾ,ਵੋਕੇਸ਼ਨਲ ਰੀਹੈਬੀਲੀਟੇਸ਼ਨ ਸੈਂਟਰ ਫਾਰ ਹੈਡੀਕੈਪਡ ਏ.ਟੀ.ਆਈ ਕੈਂਪਸ ਲੁਧਿਆਣਾ,ਸ੍ਰੀਰਾਮ ਆਈ.ਟੀ.ਸੀ, ਵੀ.ਪੀ.ਓ ਡੱਲ੍ਹਾ, ਜਿਲ੍ਹਾ ਲੁਧਿਆਣਾ। |
| ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾ,ਮੋਗਾ | ਚਾਂਦ ਇੰਸਟੀਚਿਊਟ ਆਫ ਬਿਊਟੀ ਐਂਡ ਹੇਅਰ ਡਰੈਸਿੰਗ ਮੋਗਾ,ਲਾਲਾ ਲਜਪਤ ਰਾਏ ਮੈਮੋਰੀਅਲ ਪਾਲੀਟੈਕਨਿਕ ਕਾਲਜ ਅਜੀਤਵਾਲ, ਮੋਗਾ। |
| ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾ, ਹੁਸ਼ਿਆਰਪੁਰ | ਗੁਰੂ ਨਾਨਕ ਆਈ.ਟੀ.ਸੀ. ਕੇਹਰਵਾਲੀ ਹੁਸ਼ਿਆਰਪੁਰ,ਪੰਜਾਬ ਪੁਲਿਸ ਸਕਿਊਰਟੀ ਕਾਰਪੋਰੇਸਨ ਲਿਮਟਿਡ ਜਹਾਨ ਕਲਾ ਕੇਦਰ ਜਿਲ੍ਹਾਂ ਹੁਸ਼ਿਆਰਪੁਰ,ਦੇਸ਼ ਭਗਤ ਟੈਕਨੀਕਲ ਕਾਲਜ ਪਿੰਡ ਭਟੇੜ ਬਲਾਕ ਤਲਵਾੜਾ,ਦੇਸ਼ ਭਗਤ ਟੈਕਨੀਕਲ ਕਾਲਜ ਨਿਊ ਫਤਿਹਗੜ੍ਹ ਬਾਜੀਗਰ ਰੋਡ ਹੁਸ਼ਿਆਰਪੁਰ, ਰਿਆਤ ਬਾਹਰਾ ਗਰੁਪ ਔਫ ਇਨਸਟੀਚਿਊਸ਼ਨ, ਪਿੰਡ ਬੋਹਾਂ ਚੰਡੀਗੜ੍ਹ ਰੋਡ ਹੁਸ਼ਿਆਰਪੁਰ, ਖਾਲਸਾ ਕਾਲਜ ਗੜਦੀਵਾਲਾ ਹੁਸ਼ਿਆਰਪੁਰ। |
| ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾ,ਇ: ਅੰਮ੍ਰਿਤਸਰ | ਸੈਂਟਰਲ ਇੰਸਟੀਚਿਊਟ ਆਫ ਪਲਾਸਟਿਕਸ ਇੰਜੀਨੀਅਰਿੰਗ ਅਤੇ ਟੈਕਨਾਲੌਜੀ ਅੰਮ੍ਰਿਤਸਰ। |
| ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾ, ਫਰੀਦਕੋਟ | ਸ਼ਹੀਦ ਭਗਤ ਸਿੰਘ ਆਈ.ਟੀ.ਸੀ. ਪੱਖੀ ਰੋਡ, ਫਰੀਦਕੋਟ। |
| ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾ, ਬੱਸੀ ਪਠਾਣਾ | ਦੇਸ ਭਗਤ ਇੰਸਟੀਚਿਊਟ ਆਫ ਮਨੇਜਮੈਂਟ ਐਡ ਕੰਪਿਊਟਰ ਸਾਇੰਸ ਮੰਡੀ ਗੋਬਿੰਦਗੜ੍ਹ। |
| ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾ, (ਇ:) ਖਿਊਵਾਲੀ | ਕੰਨਸਟਰਕਸ਼ਨ ਸਕਿੱਲ ਟ੍ਰੇਨਿੰਗ ਇੰਸਟੀਚਿਊਟ ਅਬੁਲ ਖੁਰਾਣਾ ਤਹਿਸੀਲ ਮਲੋਟ, ਮਸਤ ਮੁਕਤੀਸਰ ਐਸੋਸ਼ੀਏਸ਼ਨ ਫਾਰ ਸਰਵਿਸ ਐਂਡ ਟ੍ਰੇਨਿੰਗ ਹੈਲਥ,69,ਖਾਲਸਾ ਸਕੂਲ ਰੋਡ, ਮੁੱਕਤਸਰ, ਅਕਾਲ ਕ੍ਰਿਪਾ ਇੰਡਸਟਰੀਅਲ ਟ੍ਰੇਨਿੰਗ ਸੈਂਟਰ ਨੇੜੇ ਬੀਡੀਉ ਆਫਿਸ ਮੁੱਕਤਸਰ ਰੋਡ ਮਲੋਟ, ਰੂਰਲ ਇੰਸਟੀਚਿਊਟ ਫਾਰ ਵੋਕੇਸ਼ਨਲ ਟ੍ਰੇਨਿੰਗ, ਵੀ.ਪੀ.ਉ ਬਾਦਲ ਮੁਕਤਸਰ। |
| ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾ, ਬਰਨਾਲਾ | ਮਾਸਟਰ ਮਾਂਇੰਡ ਸੁਸਾਇਟੀ ਹੰਢਿਆਇਆ ਰੋਡ, ਬਰਨਾਲਾ। |
| ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾ,ਨਵਾਂ ਸ਼ਹਿਰ | ਐਮ.ਆਰ. ਇੰਡਸਟਰੀਅਲ ਟ੍ਰੇਨਿੰਗ ਸੈਂਟਰ ਟੀਚਰ ਕਲੋਨੀ ਬਲਾਚੌਰ,ਰਿਆਤ ਬਾਹਰਾ ਗਰੁਪ ਆਫ ਇਨਸਟੀਚਿਊਟਸ ਪਿੰਡ ਰੈਲ ਮਾਜਰਾ ਨਵਾਂ ਸ਼ਹਿਰ। |
| ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾ (ਇ:), ਮੋਹਾਲੀ | ਰਿਆਤ ਬਾਹਰਾ ਬਾਈਓਟੈਕਨੋਲੋਜੀ ਸੈਂਟਰ ਆਫ ਐਕਸੀਲੈਂਸੀ, ਖਰੜ। |
| ਸਰਕਾਰੀ ਉਦਯੋਗਿਕ ਸਿਖਲਾਈ (ਇ:), ਸੰਸਥਾ, ਜਲੰਧਰ | ਡੀ.ਏ.ਵੀ. ਕਾਲਜ ਜਲੰਧਰ |
| ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾ ਰੋਪੜ | ਸਰਕਾਰੀ ਕਾਲਜ ਰੋਪੜ |

ਇਨ੍ਹਾਂ ਕੇਦਰਾਂ/ਸੰਸਥਾਵਾਂ ਵਿੱਚ ਚਲਾਏ ਜਾਣ ਵਾਲੇ ਕੋਰਸਾ ਦੀ ਡਿਟੇਲ ਲਈ ਸਬੰਧਤ ਵੀ.ਟੀ.ਪੀ ਨਾਲ ਸੰਪਰਕ ਕੀਤਾ ਜਾਵੇ ਅਤੇ ਸਰਕਾਰੀ ਆਈ.ਟੀ.ਆਈਜ਼ ਵਿੰਚ ਚੱਲਦੇ ਕੋਰਸਾ ਦੀ ਡਿਟੇਲ ਵਿਭਾਗ ਦੀ ਵੈਬ ਸਾਈਟ www.dtepunjab.gov.in ਤੇ ਉਪਲੱਭਧ ਹੈ ਅਤੇ ਉਪਰੋਕਤ ਅਨੁਸਾਰ ਦਾਖਲਾ ਉਪਰੋਕਤ ਨੋਡਲ ਸੰਸਥਾਵਾਂ ਵਿਚ ਪ੍ਰਿੰਸੀਪਲਾ ਅਧੀਨ ਹੇਠਾ ਦਰਸਾਈਆਂ ਮਿਤੀਆ ਨੂੰ ਕੀਤਾ ਜਾਵੇਗਾ।

| | |
|---|---|
| ਦਾਖਲਾ ਫਾਰਮ ਪ੍ਰਾਪਤ ਕਰਨ ਅਤੇ ਦਾਖਲਾ ਫਾਰਮ ਨੋਡਲ ਉ:ਸਿ: ਸੰਸਥਾ ਵਿਚ ਜਮ੍ਹਾ ਕਰਵਾਉਣ ਦੀ ਮਿਤੀ | 19-4-10 ਤੋ 28-4-10 |
| ਜਨਰਲ ਕੈਟਾਗਰੀ ਦੇ ਦਾਖਲੇ ਦੀ ਮਿਤੀ | 3-5-10 |
| ਰਿਜਰਵ ਕੈਟਾਗਰੀ ਦੇ ਦਾਖਲੇ ਦੀ ਮਿਤੀ | 4-5-10 (ਪਹਿਲ ਦੁਪਹਿਰ) |
| ਖਾਲੀ (ਜੇਕਰ ਕੋਈ ਹੈ) ਰਹਿ ਗਈਆਂ ਸੀਟਾ ਵਿੱਚ ਦਾਖਲਾ ਜਨਰਲ ਕੈਟਾਗਰੀ ਵਿੱਚੋ ਕਰਨ ਦੀ ਮਿਤੀ | 4-5-10 (ਬਾਅਦ ਦੁਪਹਿਰ) |
| ਕਲਾਸਾਂ ਸੁਰੂ ਕਰਨ ਦੀ ਮਿਤੀ | 5-5-10 |

ਐਸ.ਡੀ.ਆਈ. ਸਕੀਮ ਅਧੀਨ ਦਾਖਲਾ ਲੈਣ ਹਿਤ ਦਾਖਲਾ ਫਾਰਮ ਜਿਲ੍ਹੇ ਦੀ ਨੋਡਲ ਸੰਸਥਾ ਜਾਂ ਵੀ.ਟੀ.ਪੀਜ ਵਿੱਚੋ ਮੁਫਤ ਲਿਆ ਜਾ ਸਕਦਾ ਹੈ ਜਾਂ www.dget.nic.in/mes/forms.htm ਤੋ ਡਾਊਨ ਲੋਡ ਕੀਤਾ ਜਾ ਸਕਦਾ ਹੈ। ਇਹ ਫਾਰਮ ਉਮੀਦਵਾਰਾ ਵੱਲੋ ਨੋਡਲ ਸੰਸਥਾਵਾ ਜਾਂ ਵੀ.ਟੀ.ਪੀਜ ਵਿਚ ਜਮਾਂ ਕਰਵਾਇਆ ਜਾ ਸਕਦਾ ਹੈ। ਵੀ.ਟੀ.ਪੀ ਇਹ ਸਾਰੇ ਫਾਰਮ ਮਿਤੀ 29-04-2010 ਨੂੰ ਹਰ ਹਾਲਤ ਵਿਚ ਨੋਡਲ ਸੰਸਥਾ ਵਿਚ (ਹਾਰਡ ਕਾਪੀ ਅਤੇ ਸਾਫਟ ਕਾਪੀ) ਜਮਾਂ ਕਰਵਾਉਣਗੇ। ਨੋਡਲ ਸੰਸਥਾ ਦੇ ਮੁੱਖੀ ਸਾਝੀ ਮੈਰਿਟ ਲਿਸਟ ਤਿਆਰ ਕਰਨ ਉਪਰੰਤ ਮੈਰਿਟ ਅਨੁਸਾਰ ਦਾਖਲਾ ਕਰਨਗੇ।

**ਦਾਖਲੇ ਸਬੰਧੀ ਜਰੂਰੀ ਹਦਾਇਤਾ ਵਿਭਾਗ ਦੀ ਵੈਬ ਸਾਇਟ www.dtepunjab.gov.in ਤੇ ਵੇਖ ਲਈਆ ਜਾਣ।**

1. ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਲਈ ਸਬੰਧਤ ਸੰਸਥਾਵਾਂ ਵਿਖੇ ਸਪੰਰਕ ਕੀਤਾ ਜਾ ਸਕਦਾ ਹੈ ਅਤੇ ਵੱਖ ਵੱਖ ਕੋਰਸਾਂ ਦੇ ਦਾਖਲੇ ਲਈ ਵਿਦਿਅਕ ਯੋਗਤਾਵਾਂ,ਕੋਰਸਾਂ ਦਾ ਵੇਰਵਾ ,ਕੋਰਸ ਦਾ ਸਮਾਂ ਅਤੇ ਦਾਖਲਾ ਫਾਰਮ ਫਾਰਮੈਟ ਵਿਭਾਗ ਦੀ ਵੈਬ ਸਾਇਟ www.dtepunjab.gov.in ਅਤੇ ਸਕਿੱਲ ਡਿਵੈਲਪਮੈਟ ਇੰਨੀਸੀਏਟੀਵ ਸਕੀਮ ਸਬੰਧੀ ਡੀ.ਜੀ.ਈ ਐਂਡ ਈ ਦੀ ਵੈਬ ਸਾਇਟ www.dget.nic.in/mes ਤੇ ਵੇਖਿਆ ਜਾ ਸਕਦਾ ਹੈ।

2. ਹਰ ਇਕ ਬੈਚ ਵਿੱਚ ਵੱਧ ਤੋ ਵੱਧ 30 ਸਿਖਿਆਰਥੀ ਹੋਣਗੇ ਅਤੇ ਇਹਨਾਂ ਸੰਸਥਾਵਾਂ ਦੇ ਮੁੱਖੀ ਸਾਰੇ ਉਮੀਦਵਾਰਾਂ ਨੂੰ ਉਪਲੱਭਧ ਸਹੂਲਤਾਂ ਦੇ ਮੱਦੇ ਨਜਰ ਕੋਰਸ ਅਨੁਸਾਰ ਵੱਖ ਵੱਖ ਬੈਚਾ ਵਿੱਚ ਸਿਖਲਾਈ ਦੇਣ ਦਾ ਪ੍ਰਬੰਧ ਕਰਨਗੇ।

3. ਸਾਰੇ ਉਮੀਦਵਾਰਾ ਦਾਖਲੇ ਵਾਲੇ ਦਿਨ ਆਪਣੀਆਂ ਯੋਗਤਾਵਾਂ ਦੇ ਅਸਲ ਸਰਟੀਫਿਕੇਟ ਨਾਲ ਲਿਆਉਣਗੇ।

4. ਨਿਰਧਾਰਤ ਮਿਤੀ ਨੂੰ ਸਵੇਰੇ 9.00 ਵਜੇ ਤੋ 11.00 ਵਜੇ ਤੱਕ ਉਮੀਦਵਾਰਾ ਵੱਲੋ ਹਾਜ਼ਰੀ ਲਗਾਈ ਜਾਵੇਗੀ।ਸਾਰੇ ਉਮੀਦਵਾਰ ਇੰਟਰਵਿਊ ਵਾਲੇ ਦਿਨ ਸਵੇਰੇ 11.00 ਵਜੇ ਸਿਲੈਕਸਨ ਕਮੇਟੀ ਸਾਹਮਣੇ ਪੇਸ਼ ਹੋਣਗੇ।ਜਿਹੜਾ ਉਮੀਦਵਾਰ ਦਾਖਲਾ ਚੋਣ ਕਮੇਟੀ ਸਾਹਮਣੇ ਪੇਸ਼ ਨਹੀ ਹੋਵੇਗਾ,ਉਸਨੂੰ ਦਾਖਲਾ ਨਹੀ ਦਿੱਤਾ ਜਾਵੇਗਾ।

5. ਸਰਕਾਰੀ ਸੰਸਥਾਵਾ ਵਾਸਤੇ ਇੰਟਰਵਿਊ ਦਾ ਸਥਾਨ ਸਬੰਧਤ ਸਰਕਾਰੀ ਸੰਸਥਾ ਵਿੱਚ ਹੋਵੇਗਾ।

6. ਦਾਖਲੇ ਵਿੱਚ ਰਿਜਰਵੇਸ਼ਨ ਪਾਲਸੀ /ਕਾਰਜਵਿਧੀ ਪੰਜਾਬ ਸਰਕਾਰ ਵਲੋ ਨਿਰਧਾਰਤ ਰਿਜ਼ਰਵੇਸ਼ਨ ਪਾਲਸੀ ਅਨੁਸਾਰ ਹੋਵੇਗੀ,ਜੋ ਕਿ ਵਿਭਾਗ ਵਿੱਚ ਆਮ ਦਾਖਲੇ ਲਈ ਲਾਗੂ ਕੀਤੀ ਜਾਂਦੀ ਹੈ ਅਤੇ ਉਪਰੋਕਤ ਵੈਬ ਸਾਇਟ ਤੇ ਵੀ ਉਪਲੱਬਦ ਹੈ।ਰਿਜਰਵ ਕੈਟਾਗਰੀ ਨਾਲ ਸਬੰਧਤ ਉਮੀਦਵਾਰ ਆਪਣੀ ਸੀਟ ਦੇ ਕਲੇਮ ਸਬੰਧੀ ਸਮਰੱਥ ਅਧਿਕਾਰੀ ਤੋ ਜਾਰੀ ਕੀਤਾ ਅਸਲ ਸਰਟੀਫਿਕੇਟ ਲੈ ਕੇ ਆਉਣਗੇ। ਅਜਿਹਾ ਸਬੂਤ ਪੇਸ਼ ਨਾ ਕਰਨ ਦੀ ਸੂਰਤ ਵਿੱਚ ਉਸ ਨੂੰ ਰਿਜਰਵ ਕੈਟਾਗਰੀ ਵਿੱਚ ਨਹੀ ਵਿਚਾਰਿਆ ਜਾਵੇਗਾ।

**ਟ੍ਰੇਨਿੰਗ ਚਾਰਜਿਜ:** 90 ਘੰਟੇ ਦੇ ਕੋਰਸ ਲਈ 500/-ਰੁ:,91-180 ਘੰਟੇ ਦੇ ਕੋਰਸ ਲਈ 1000/-ਰੁ,181-270 ਘੰਟੇ ਦੇ ਕੋਰਸ ਲਈ 1500/-ਰੁ, 270 ਘੰਟੇ ਤੋ ਉਪਰ ਦੇ ਕੋਰਸ ਲਈ 2000/-ਰੁ ਦੇ ਹਿਸਾਬ ਨਾਲ ਟਰੇਨਿੰਗ ਚਾਰਜਜ ਲਏ ਜਾਣਗੇ।ਜਿਹੜੇ ਸਿਖਿਆਰਥੀ ਇਹ ਟ੍ਰੇਨਿੰਗ ਪੂਰੀ ਕਰਕੇ ਪਾਸ ਹੋਣਗੇ,ਉਹਨਾਂ ਨੂੰ ਸੰਸਥਾਵਾਂ ਵਲੋ ਟ੍ਰੇਨਿੰਗ ਚਾਰਜਿਜ ਰੀਇੰਬਰਸ ਕਰ ਦਿੱਤੇ ਜਾਣਗੇ।ਐਸ.ਸੀ./ਐਸ.ਟੀ ਕੈਟਾਗਰੀ ਦੇ ਉਮੀਦਵਾਰਾਂ ਅਤੇ ਇਸਤਰੀ ਉਮੀਦਵਾਰਾਂ ਅਤੇ ਹੈਡੀਕੈਪਡ ਉਮੀਦਵਾਰਾਂ ਨੂੰ 25% ਫੀਸ ਦੀ ਛੋਟ ਦਿੱਤੀ ਜਾਵੇਗੀ।

**ਉਮਰ:-** ਉਮੀਦਵਾਰ ਦੀ ਉਮਰ 14 ਸਾਲ ਤੋ ਵੱਧ ਹੋਣੀ ਜਰੂਰੀ ਹੈ ਅਤੇ ਉਮਰ ਦੀ ਉਪਰਲੀ ਕੋਈ ਸੀਮਾ ਨਹੀ ਹੈ।

**ਸਰਟੀਫਿਕੇਟ:** ਪਾਸ ਆਊਟ ਸਿਖਿਆਰਥੀਆਂ ਨੂੰ ਐਨ.ਸੀ.ਵੀ.ਟੀ ਵਲੋ ਸਰਟੀਫਿਕੇਟ ਦਿੱਤਾ ਜਾਵੇਗਾ।

**ਵਿਸੇਸਤਾਵਾਂ:** ਇਸ ਸਕੀਮ ਦਾ ਮੁੱਖ ਮੰਤਵ ਸਕੂਲ ਡਰਾਪ ਆਊਟਸ ਮੋਜੂਦਾ ਵਰਕਰਾਂ ਅਤੇ ਐਨ.ਟੀ.ਸੀ ਹੋਲਡਰਾਂ ਦੀ ਇੰਪਲਾਈਬਿਲਟੀ ਵਧਾਉਣ ਲਈ ਉਹਨਾਂ ਦੇ ਹੁਨਰ ਦਾ ਪੱਧਰ ਉੱਚਾ ਚੁੱਕਣਾ ਤੇ ਹੁਨਰ ਨੂੰ ਸਰਟੀਫਾਈ ਕਰਨਾ ਹੈ। ।ਇਸ ਟ੍ਰੇਨਿੰਗ ਦਾ ਸਮਾਂ ਟ੍ਰੇਨਿੰਗ ਲੈਣ ਵਾਲੇ ਉਮੀਦਵਾਰਾਂ ਦੀ ਸਹੂਲਤ ਅਨੁਸਾਰ ਸਬੰਧਤ ਸੰਸਥਾਵਾਂ ਵਲੋ ਨਿਰਧਾਰਤ ਕੀਤਾ ਜਾਵੇਗਾ।

**ਜਰੂਰੀ ਨੋਟ:- 1. ਜਿਹੜੇ ਅਦਾਰੇ/ਸੰਸਥਾਵਾਂ/ਕੇਦਰ ਐਸ.ਡੀ.ਆਈ ਸਕੀਮ ਅਧੀਨ ਵੋਕੇਸਨਲ ਟ੍ਰੇਨਿੰਗ ਪੋਵਾਈਡਰ(ਵੀ.ਟੀ.ਪੀ) ਦੇ ਤੋਂਰ ਤੇ ਰਜਿਸਟੈਰਸਨ ਕਰਵਾਉਣਾ ਚਾਹੁੰਦੇ ਹਨ ਉਹ ਵੀ.ਟੀ.ਪੀ ਐਪਲੀਕੇਸਨ ਪ੍ਰੋਫਾਰਮੇ ਭਰ ਕੇ ਅਪਲਾਈ ਕਰ ਸਕਦੇ ਹਨ।ਇਸ ਸਬੰਧੀ ਵਧੇਰੀ ਡਿਟੇਲ ਵਿਭਾਗ ਦੀ ਵੈਬ ਸਾਇਟ ਤੋ ਜਾਂ ਉਪਰੋਕਤ ਪਤੇ ਤੋ ਪ੍ਰਾਪਤ ਕੀਤੀ ਜਾ ਸਕਦੀ ਹੈ।**

**2. ਜਿਹੜੇ ਉਦਯੋਗਾ/ਅਦਾਰਿਆ ਨੂੰ ਕਿਸੇ ਵੀ ਤਕਨੀਕੀ ਫੀਲਡ ਵਿੱਚ ਸਕਿਲਡ ਵਰਕਰਾਂ ਦੀ ਲੋੜ ਹੈ ਉਹ ਸਬੰਧਤ ਇਲਾਕੇ ਵਿੱਚ ਪੈਂਦੀ ਸੰਸਥਾ /ਵੀ.ਟੀ.ਪੀ ਦੇ ਮੁੱਖੀ ਨਾਲ ਜਾਂ ਵਿਭਾਗ ਨਾਲ ਸੰਪਰਕ ਕਰ ਸਕਦੇ ਹਨ। ਵਧੇਰੇ ਜਾਣਕਾਰੀ ਲਈ ਵਿਭਾਗ ਦੀ ਵੈਬ ਸਾਇਟ ਜਾਂ ਉਪਰੇਕਤ ਪਤੇ ਤੇ ਸੰਪਰਕ ਕੀਤਾ ਜਾ ਸਕਦਾ ਹੈ।**

ਮਿਤੀ:

ਬੀ.ਪੁਰੂਸਾਰਥਾ ਆਈ.ਏ.ਐਸ)<br>ਡਾਇਰੈਕਟਰ ਤਕਨੀਕੀ ਸਿਖਿਆ ਅਤੇ<br>ਉਦਯੋਗਿਕ ਸਿਖਲਾਈ ਵਿਭਾਗ,ਪੰਜਾਬ।